ਫੋਨ : 01652-232119

# ਦਫਤਰ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ

# ਲੋ.ਨਿ.ਵਿ.ਭ.ਤੇ ਮ. ਸ਼ਾਖਾ, ਮਾਨਸਾ

ਇਹ ਦਫ਼ਤਰ ਮਾਨਸਾ ਵਿਖੇ ਸਥਿਤ ਹੈ ਜੋ ਜ਼ਿਲ੍ਹਾ ਮਾਨਸਾ ਦੀਆਂ ਪਲੇਨ ਸ਼ੜਕਾਂ, ਪੁੱਲ, ਇਮਾਰਤਾਂ ਦੇ ਨਿਰਮਾਣ ਅਤੇ ਦੇਖ ਭਾਲ ਦਾ ਕੰਮ ਕਰਦਾ ਹੈ । ਇਸ ਦਫ਼ਤਰ ਦੀ ਕਾਰਜ ਪ੍ਰਣਾਲੀ ਅਨੁਸਾਰ ਨਿਰਮਾਣ ਅਤੇ ਮੁਰੰਮਤ ਅਧੀਨ ਕੰਮਾਂ ਦੇ ਟੈਂਡਰਾਂ ਦੇ ਇਸ਼ਤਿਹਾਰ ਅਖਬਾਰਾਂ ਵਿੱਚ ਛਪਵਾਏ ਜਾਂਦੇ ਹਨ ਅਤੇ ਇਹ ਮਹਿਕਮੇ ਵੱਲੋਂ ਮੰਨਜੂਰ ਸ਼ੁਦਾ ਠੇਕੇਦਾਰਾਂ/ਏਜੰਸੀਆਂ ਵੱਲੋਂ ਮੁਕਾਬਲੇ ਰਾਹੀਂ ਘੱਟ ਰੇਟਾਂ ਤੇ ਕੰਮ ਕਰਨ ਵਾਲੇ ਠੇਕੇਦਾਰ/ ਏਜੰਸੀ ਨੂੰ ਨਿਯਮਾਂ ਅਨੁਸਾਰ ਸਮੇਂਬੱਧ ਮਿਆਦ ਵਿੱਚ ਖਤਮ ਕਰਨ ਹਿੱਤ ਅਲਾਟ ਕੀਤੇ ਜਾਂਦੇ ਹਨ । ਕੰਮ ਨੂੰ ਸ਼ੁਰੂ ਕਰਨ ਅਤੇ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਦੀ ਮੁੱਖ ਜਿੰਮੇਵਾਰੀ ਕਾਰਜਕਾਰੀ ਇੰਜੀਨੀਅਰ ਦੀ ਹੁੰਦੀ ਹੈ । ਜੂਨੀਅਰ ਇੰਜੀਨੀਅਰ ਅਤੇ ਉਪ ਮੰਡਲ ਮੌਕੇ ਤੇ ਆਪਣੀ ਦੇਖ ਰੇਖ ਵਿੱਚ ਮਿਆਰੀ ਕੰਮ ਕਰਵਾਉਣ ਵਿੱਚ ਕਾਰਜਕਾਰੀ ਇੰਜੀਨੀਅਰ ਦੀ ਸਹਾਇਤਾ ਕਰਦੇ ਹਨ । ਨਿਗਰਾਨ ਇੰਜੀਨੀਅਰ ਸਮੁੱਚੇ ਹਲਕੇ ਵਿੱਚ ਵੱਖ-ਵੱਖ ਸ਼ਾਖਾਵਾਂ ਜਿਵੇਂ ਪੁਲ, ਸ਼ੜਕਾਂ, ਪੇਂਡੂ ਸ਼ੜਕਾਂ, ਇਮਾਰਤਾਂ ਦੇ ਚੱਲ ਰਹੇ ਕੰਮਾਂ ਦੀ ਸਮੇਂ ਸਮੇਂ ਤੇ ਨਿਗਰਾਨੀ ਕਰਦੇ ਹਨ ਅਤੇ ਉੱਚ ਅਧਿਕਾਰੀਆਂ ਕੋਲੋਂ ਨਿਰਮਾਣ ਅਧੀਨ ਕੰਮ ਲਈ ਮੰਨਜੂਰੀ ਅਤੇ ਫੰਡਾਂ ਦਾ ਪ੍ਰਬੰਧ ਕਰਦੇ ਹਨ । ਉਹ ਨਿਰਮਾਣ ਅਧੀਨ ਸੰਭਾਵੀ ਕੰਮਾਂ ਦੀ ਰੂਪ ਰੇਖਾ ਤਿਆਰ ਕਰਨ ਲਈ ਉੱਚ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ/ਸਲਾਹ ਮਸ਼ਵਰਾ ਕਰਕੇ ਵਿਕਾਸ ਕੰਮਾਂ ਦੀ ਗਤੀ ਵਿੱਚ ਤੀਬਰਤਾ ਲਿਆਉਣ ਦਾ ਕੰਮ ਵੀ ਕਰਦੇ ਹਨ । ਸਾਰੇ ਪ੍ਰਬੰਧ ਚਲਾਉਣ ਲਈ ਮੁੱਖ ਇੰਜੀਨੀਅਰ ਦੀ ਮੁੱਖ ਭੂਮਿਕਾ ਹੁੰਦੀ ਹੈ । ਉਹ ਵਿਭਾਗ ਦੇ ਮੁੱਖੀ ਹੋਣ ਦੀ ਹੈਸੀਅਤ ਵਿੱਚ ਸਮੁੱਚੇ ਪੰਜਾਬ ਵਿੱਚ ਮਹਿਕਮੇ ਨਾਲ ਸਬੰਧਤ ਕੰਮਾਂ ਦੀ ਪਲੈਨਿੰਗ ਕਰਨ/ਮੰਨਜੂਰੀ ਦੇਣ/ਵਿੱਤੀ ਕੰਟਰੋਲ ਕਰਨ ਆਦਿ ਦੀ ਜਿੰਮੇਵਾਰੀ ਨਿਭਾਉਂਦੇ ਹਨ । ਕੰਮਾਂ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਕੰਮਾਂ ਉੱਤੇ ਮਿਆਰੀ ਪੱਧਰ ਨੂੰ ਯਕੀਨੀ ਬਨਾਉਣ ਲਈ ਉਹ ਸਮੇਂ-ਸਮੇਂ ਆਪ ਵੀ ਕੰਮਾਂ ਦੀ ਚੈਕਿੰਗ ਕਰਦੇ ਹਨ । ਵਿਭਾਗ ਵਿੱਚ ਵਿਕਾਸ ਕੰਮਾਂ ਉੱਤੇ ਹੋ ਰਹੇ ਖਰਚੇ ਨੂੰ ਹਰ ਸਾਲ ਏ.ਜੀ. ਪੰਜਾਬ ਵੱਲੋਂ ਚੈਕ ਕੀਤਾ ਜਾਂਦਾ ਹੈ । ਇਸ ਮੰਡਲ ਅਧੀਨ ਚੱਲ ਰਹੇ ਉਸਾਰੀ ਅਧੀਨ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ।

| ਲੜੀ ਨੰ: | ਕੰਮ ਦਾ ਨਾਂ | ਅਨੁਮਾਨਤ ਲਾਗਤ | ਹੁਣ ਤੱਕ ਕੁੱਲ ਖਰਚਾ | ਟਾਈਮ ਲਿਮਟ | ਫੰਡਾਂ ਦਾ ਸੋਮਾ |
|---|---|---|---|---|---|
| 1. | ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਰੋਡ | 460.40 | 385.44 | 31-5-2005 | ਸੀ.ਆਰ.ਐਫ. ਸਕੀਮ-II |
| 2. | ਸਰਕਾਰੀ ਨਹਿਰੂ ਮੈਮੋਰੀਅਲ ਕਾਲਜ, ਮਾਨਸਾ | 370.55 | 291.66 | 31-5-2005 (ਇਮਾਰਤ ਪੋਰਸ਼ਨ) | 4202-ਕੈਪੀਟਲ ਆਊਟਲੇ ਆਨ ਸਪੋਰਟਸ ਐਂਡ ਕਲਚਰ |
| 3. | ਕੰਸਟਰਕਸ਼ਨ ਆਫ ਲਿਟੀਜੈਂਟ ਸ਼ੈਡ ਐਂਡ ਬਾਰ ਰੂਮ ਇੰਨ ਜੁਡੀਸ਼ੀਅਲ ਕੋਰਟ ਕੰਪਲੈਕਸ ਐਟ ਮਾਨਸਾ। | 202.68 | 4.16 | 30-9-2005 | 4059-ਕੈਪੀਟਲ ਆਊਟਲੇ ਆਨ ਜਸਟਿਸ |